


ਫੈਮਿਲੀ ਸਪੋਰਟ ਇੰਸਟੀਚਿਊਟ (ਐੱਫ਼.ਐੱਸ.ਆਈ.) ਅਤੇ ਬੀ.ਸੀ.ਸੀ.ਐੱਚ. ਕੰਪਲੈਕਸ ਕੇਅਰ ਪ੍ਰੋਗਰਾਮ ਦੀ ਭਾਈਵਾਲੀ

Partnership of Family Support Institute (FSI) and BCCH Complex Care program

ਸਿੱਕ ਕਿਡਜ਼ ਕਮਿਊਨਿਟੀ ਕਾਨਫ਼ਰੰਸ ਗਰਾਂਟ ਤੋਂ ਫ਼ੰਡ ਸਹਾਇਤਾ ਦੇ ਨਾਲ

With funding from Sick Kids Community Conference Grant

**ਇਸ ਦਾ ਸਾਰ**:

**ਟੀਕਾਕਰਨ ਅਤੇ ਵਿਸ਼ੇਸ਼ ਸੰਭਾਲ ਲੋੜਾਂ ਵਾਲੇ ਬੱਚੇ** (ਸੋਮਵਾਰ 29 ਅਗਸਤ 2022 ਦੁਪਹਿਰ 12 ਵਜੇ ਪੀ.ਐੱਸ.ਟੀ.)

**Summary of:**

**Immunization and Children with Special Care Needs** (Monday August 29, 2022 12pm PST).

**ਸਪੀਕਰ**: ਡਾ. ਮਨੀਸ਼ ਸਦਾਰੰਗਾਨੀ, ਵੈਕਸੀਨ ਮੁਲਾਂਕਣ ਕੇਂਦਰ ਅਤੇ ਬੀ.ਸੀ. ਚਿਲਡਰਨਜ਼ ਹਸਪਤਾਲ ਫੈਮਿਲੀ ਇਮਿਊਨਾਈਜ਼ੇਸ਼ਨ ਕਲੀਨਿਕ ਦੇ ਡਾਇਰੈਕਟਰ

**ਸਵਾਲ ਅਤੇ ਜਵਾਬ ਫੈਸੀਲੀਟੇਟਰ**: ਡਾ. ਐਸਥਰ ਲੀ, ਬੱਚਿਆਂ ਦੇ ਮਾਹਰ, ਬੀ.ਸੀ. ਚਿਲਡਰਨਜ਼ ਹਸਪਤਾਲ ਕੰਪਲੈਕਸ ਕੇਅਰ ਪ੍ਰੋਗਰਾਮ

## ਕੋਵਿਡ-19 ਦੇ ਤੱਥ ਅਤੇ ਆਂਕੜੇ

COVID-19 Facts and Figures

- ਕੈਨੇਡਾ ਵਿੱਚ ਕੋਵਿਡ-19 ਦੇ ਕੁੱਲ ਮਾਮਲਿਆਂ ਦੀ ਗਿਣਤੀ 20 ਅਗਸਤ 2022 ਤਕ 4,158,491 ਸੀ।
- ਕੈਨੇਡਾ ਵਿੱਚ ਕੋਵਿਡ-19 ਨਾਲ ਹੋਈਆਂ ਕੁੱਲ ਮੌਤਾਂ ਦੀ ਗਿਣਤੀ 20 ਅਗਸਤ 2022 ਤਕ 43,797 ਸੀ।
- ਕੋਵਿਡ -19 ਕਾਰਣ ਬੀ.ਸੀ. ਦੇ ਹਸਪਤਾਲਾਂ ਵਿੱਚ ਭਰਤੀ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਜਨਵਰੀ-ਮਾਰਚ 2022 ਵਿਚਕਾਰ ਸਿਖਰ 'ਤੇ ਸੀ, ਜਦੋਂ ਕਿ ਕੋਵਿਡ -19 ਕਾਰਣ ਬੀ.ਸੀ. ਵਿੱਚ ਮੌਤਾਂ ਦਾ ਸਿਖਰ ਦਸੰਬਰ-ਮਾਰਚ 2021 ਵਿਚਕਾਰ ਸੀ। 2021 ਤੋਂ ਬਾਅਦ ਟੀਕਾਕਰਨ ਪ੍ਰੋਗਰਾਮਾਂ ਨੇ ਕੋਵਿਡ -19 ਮੌਤਾਂ ਦੀ ਉੱਚੀ ਦਰ ਨੂੰ ਘਟਾਉਣ ਵਿੱਚ ਮਦਦ ਕੀਤੀ ਹੈ।
- ਬੱਚੇ
  - ਜਿਨ੍ਹਾਂ ਬੱਚਿਆਂ ਨੂੰ ਇਨਫ਼ੈਕਸ਼ਨ ਹੋਣ ਦੇ ਕੁਝ ਹਫ਼ਤਿਆਂ ਬਾਅਦ ਕੋਵਿਡ -19 ਹੋਇਆ ਸੀ, ਉਨ੍ਹਾਂ ਵਿੱਚ ਮਲਟੀਸਿਸਟਮ ਇਨਫ਼ਲੇਮੇਟਰੀ ਸਿੰਡਰੋਮ (ਸਰੀਰ ਦੇ ਵੱਖ-ਵੱਖ ਅੰਗਾਂ ਵਿੱਚ ਸੋਜਿਸ਼) ਦੇ 32 ਮਾਮਲੇ ਸਾਹਮਣੇ ਆਏ ਸਨ । ਹਾਲਾਂਕਿ, 20 ਮਈ 2022 ਤੋਂ ਬਾਅਦ ਕੋਈ ਨਵਾਂ ਕੇਸ ਸਾਹਮਣੇ ਨਹੀਂ ਆਇਆ।
  - ਬੀ.ਸੀ. ਵਿੱਚ ਸੰਭਾਵੀ ਤੌਰ 'ਤੇ ਬਹੁਤੇ ਬੱਚਿਆਂ ਨੂੰ ਕੋਵਿਡ-19 ਦੀ ਇਨਫ਼ੈਕਸ਼ਨ ਹੋ ਚੁੱਕੀ ਹੈ। ਐਂਟੀਬਾਡੀ ਅਧਿਐਨਾਂ (ਬਿਮਾਰੀ ਦਾ ਟਾਕਰਾ ਕਰਨ ਲਈ ਸਰੀਰ ਵਿੱਚ ਬਣੇ ਤੱਤਾਂ ਦਾ ਅਧਿਐਨ) ਮੁਤਾਬਕ 30-70% ਬੱਚਿਆਂ ਨੂੰ ਕੋਵਿਡ-19 ਇਨਫ਼ੈਕਸ਼ਨ ਹੋਈ ਸੀ।
  - ਕੋਵਿਡ-19 ਦੀ ਗੰਭੀਰ ਇਨਫ਼ੈਕਸ਼ਨ ਕਾਰਣ ਹਸਪਤਾਲ ਵਿੱਚ ਦਾਖ਼ਲ ਹੋਏ ਬੱਚਿਆਂ ਦੇ ਖ਼ਤਰੇ ਦੇ ਕਾਰਣਾਂ ਦੀ ਇੱਕ ਹਾਲੀਆ ਖੋਜ ਨੇ ਦਰਸਾਇਆ ਹੈ ਕਿ ਮਾਰਚ 2020 ਤੋਂ ਮਈ 2021 ਤਕ ਹਸਪਤਾਲਾਂ ਵਿੱਚ 544 ਦਾਖ਼ਲੇ ਹੋਏ। ਇਨ੍ਹਾਂ ਵਿੱਚੋਂ 61% ਨੂੰ ਕੋਵਿਡ-19 ਕਾਰਣ ਦਾਖ਼ਲ ਕੀਤਾ ਗਿਆ ਸੀ, ਅਤੇ 43% ਨੂੰ ਘੱਟੋ ਘੱਟ ਇੱਕ ਹੋਰ ਚਿਰਕਾਲੀਨ ਬਿਮਾਰੀ ਵੀ ਸੀ।
  - ਸਮੁੱਚੇ ਤੌਰ 'ਤੇ, ਗੰਭੀਰ ਨਤੀਜੇ ਮੁਕਾਬਲਤਨ ਟਾਂਵੇਂ-ਟਾਂਵੇਂ ਹੀ ਵਾਪਰਦੇ ਹਨ; ਹਾਲਾਂਕਿ, ਕੁਝ ਸਿਹਤ ਸਮੱਸਿਆਵਾਂ ਵਾਲੇ ਬੱਚਿਆਂ ਵਿੱਚ ਗੰਭੀਰ ਕੋਵਿਡ-19 ਦਾ ਵਧੇਰੇ ਖ਼ਤਰਾ ਹੁੰਦਾ ਹੈ। ਉਦਾਹਰਣ ਵਜੋਂ, ਉਸੇ ਅਧਿਐਨ ਨੇ ਦਰਸਾਇਆ ਹੈ ਕਿ ਕੁਝ ਬੱਚਿਆਂ ਨੂੰ ਗੰਭੀਰ ਬਿਮਾਰੀ ਹੋਣ ਦੀ ਵਧੇਰੇ ਸੰਭਾਵਨਾ ਸੀ, ਜਿਨ੍ਹਾਂ ਵਿੱਚ ਮੋਟਾਪੇ, **ਚਿਰਕਾਲੀਨ ਨਿਊਰੋਲੋਜੀਕਲ ਸਮੱਸਿਆਵਾਂ, ਫੇਫੜਿਆਂ ਦੀ ਚਿਰਕਾਲੀਨ ਬਿਮਾਰੀ ਦੇ ਸ਼ਿਕਾਰ ਹੋਏ ਬੱਚਿਆਂ ਤੋਂ ਇਲਾਵਾ ਉਹ ਬੱਚੇ ਵੀ ਸ਼ਾਮਲ ਸਨ ਜੋ ਆਪਣੀਆਂ ਜ਼ਰੂਰਤਾਂ ਲਈ ਪਹਿਲਾਂ ਤੋਂ ਹੀ ਕਿਸੇ ਤਕਨਾਲੋਜੀ ਉੱਪਰ ਨਿਰਭਰ ਸਨ** (ਉਦਾਹਰਣ ਵਜੋਂ ਇਨ੍ਹਾਂ ਵਿੱਚੋਂ ਘੱਟੋ-ਘੱਟ ਇੱਕ: ਸਾਹ ਲੈਣ ਲਈ ਗਰਦਨ ਵਿੱਚ ਮੋਰ੍ਹੀ ਕਰਕੇ ਟਿਊਬ ਭਾਵ ਟ੍ਰੈਕੀਓਸਟੋਮੀ ਦੀ ਮੌਜੂਦਗੀ, ਘਰੇਲੂ ਆਕਸੀਜਨ, ਟਿਊਬ ਰਾਹੀਂ ਭੋਜਨ ਲੈਣਾ, ਡਾਇਐਲਿਸਿਸ)।

## ਕੋਵਿਡ-19 ਟੀਕਾਕਰਣ

COVID-19 Vaccinations

- ਇਸ ਸਮੇਂ, ਬੱਚਿਆਂ ਲਈ ਦੋ ਕੋਵਿਡ -19 ਵੈਕਸੀਨਾਂ ਉਪਲਬਧ ਹਨ। ਇੱਕ ਦਾ ਨਾਂ ਹੈ ਮੌਡਰਨਾ ਸਪਾਈਕਵੈਕਸ ਅਤੇ ਦੂਜੀ ਦਾ ਨਾਂ ਹੈ ਫ਼ਾਈਜ਼ਰ ਕੋਮੀਰਨਾਟੀ (ਦੋਵੇਂ ਐੱਮ.ਆਰ.ਐੱਨ.ਏ. ਵੈਕਸੀਨਾਂ ਹਨ)

### COVID-19 vaccines available for children in Canada

| Age | Moderna Spikevax | Pfizer Comirnaty |
|---|---|---|
| <6 months | Not available | Not available |
| | *Protected indirectly via immunization in mothers, including during pregnancy* | |
| 6 months to 4 years | 25mcg, 2 doses | Not available |
| 5 years | | 10mcg, 2 doses |
| 6 to 11 years | 50mcg, 2 doses | |
| 12 to 17 years | 100mcg, 2 doses | 30 mcg, 2 doses |
| | *Usual recommendation is 8 weeks between doses* | |
| | | |
| Severe immune compromise | 3 doses instead of 2 – all ages, both vaccines, 4-8 weeks between doses | |
| Boosters | Recommended for all high-risk children, 6 months after initial doses | |

- ਮੌਜੂਦਾ ਅੰਕੜੇ ਦਰਸਾਉਂਦੇ ਹਨ ਕਿ ਵੈਕਸੀਨਾਂ ਕੋਵਿਡ-19 ਦੇ ਵਿਰੁੱਧ ਮਜ਼ਬੂਤ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਖਾਸ ਕਰਕੇ ਲੱਛਣਾਂ ਵਾਲੀ ਇਨਫ਼ੈਕਸ਼ਨ ਅਤੇ ਗੰਭੀਰ ਬਿਮਾਰੀ ਲਈ
- ਵੈਕਸੀਨ ਦੇ ਆਮ ਗੌਣ ਪ੍ਰਭਾਵਾਂ (>~50%) ਵਿੱਚ ਸ਼ਾਮਲ ਹਨ ਟੀਕੇ ਵਾਲੀ ਥਾਂ 'ਤੇ ਦਰਦ ਹੋਣਾ, 6 ਤੋਂ 11 ਸਾਲ ਦੀ ਉਮਰ ਵਾਲਿਆਂ ਨੂੰ ਥਕਾਵਟ ਅਤੇ ਸਿਰ ਦਰਦ ਹੋਣਾ, ਅਤੇ 6 ਮਹੀਨੇ ਤੋਂ 5 ਸਾਲ ਦੀ ਉਮਰ ਵਾਲੇ ਬੱਚਿਆਂ ਵਿੱਚ ਚਿੜਚਿੜਾਪਣ/ਰੋਣਾ
- ਭਾਵੇਂ ਬੱਚੇ ਪਹਿਲਾਂ ਹੀ ਪ੍ਰਭਾਵਿਤ ਹੋ ਚੁੱਕੇ ਹੋਣ, ਵੈਕਸੀਨਾਂ ਫਿਰ ਵੀ ਸੁਰੱਖਿਅਤ ਤਰੀਕੇ ਨਾਲ ਵਧੇਰੇ ਰੱਖਿਆ ਪ੍ਰਦਾਨ ਕਰਦੀਆਂ ਹਨ
- ਬੀ.ਸੀ. ਵਿੱਚ ਬੱਚਿਆਂ ਲਈ ਬੂਸਟਰ ਵੈਕਸੀਨ (ਜ਼ਿਆਦਾਤਰ ਬੱਚਿਆਂ ਵਾਸਤੇ ਤੀਜੀ ਖ਼ੁਰਾਕ) ਹੁਣ ਉਪਲਬਧ ਹੈ (ਦੂਜੀ ਖ਼ੁਰਾਕ ਤੋਂ 6 ਮਹੀਨੇ ਬਾਅਦ)। (9 ਸਤੰਬਰ 2022 – ਬੂਸਟਰ ਵਾਸਤੇ ਨੋਟੀਫ਼ਿਕੇਸ਼ਨ ਭੇਜਣ ਵਿੱਚ ਦੇਰੀ ਹੋ ਗਈ ਸੀ। ਸਰਕਾਰ ਦੇ ਕੰਪਿਊਟਰ ਵਿੱਚ ਕੋਈ ਸਮੱਸਿਆ ਆ ਗਈ ਸੀ ਅਤੇ ਉਸ ਨੂੰ ਹੁਣ ਠੀਕ ਕੀਤਾ ਜਾ ਰਿਹਾ ਹੈ)
- ਨਵੇਂ ਵੇਰੀਐਂਟਾਂ ਵਾਸਤੇ ਵੈਕਸੀਨਾਂ ਆ ਰਹੀਆਂ ਹਨ। ਗੁੰਝਲਦਾਰ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਦੀ ਰੱਖਿਆ ਕਰਨ ਲਈ ਟੀਕਾਕਰਨ ਸਭ ਤੋਂ ਸੁਰੱਖਿਅਤ ਤਰੀਕਾ ਹੈ ਅਤੇ ਇਸ ਨੂੰ ਉੱਚ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ

- ਫਲੂ ਵੈਕਸੀਨ (ਜਦ ਉਪਲਬਧ ਹੋਵੇ) ਅਤੇ ਹੋਰ ਰੁਟੀਨ (ਅਤੇ ਵਾਧੂ) ਵੈਕਸੀਨਾਂ ਨੂੰ ਨਾ ਭੁੱਲੋ, ਉਦਾਹਰਣ ਵਜੋਂ ਯੋਗ ਵਿਅਕਤੀਆਂ ਲਈ ਨਿਊਮੋਕੋਕਲ 23

## ਟੀਕਾਕਰਨ ਦੌਰਾਨ ਬੱਚਿਆਂ ਵਾਸਤੇ ਸਹਾਇਤਾ

### Support for children during immunization

- ਨਿੱਕੇ ਸ਼ਿਸ਼ੂਆਂ ਅਤੇ ਛੋਟੇ ਬੱਚਿਆਂ ਲਈ: ਆਪਣੇ ਬੱਚੇ ਦੀਆਂ ਲੋੜਾਂ ਅਨੁਸਾਰ ਅਪੌਇੰਟਮੈਂਟ ਤੋਂ ਪਹਿਲਾਂ ਉਸ ਨੂੰ ਤਿਆਰ ਕਰਨਾ: ਸੁੰਨ ਕਰਨ ਵਾਲੀ ਕਰੀਮ ਅਤੇ ਪੈਚ, ਅਪੌਇੰਟਮੈਂਟ ਦੌਰਾਨ ਆਰਾਮ, ਟੀਕਾਕਰਨ ਦੌਰਾਨ ਧਿਆਨ ਲਾਂਭੇ ਕਰਨਾ, ਛਾਤੀ ਦਾ ਦੁੱਧ ਚੁੰਘਾਉਣਾ ਜਾਂ ਖੰਡ ਵਾਲਾ ਪਾਣੀ ਦੇਣ ਬਾਰੇ ਵਿਚਾਰ ਕਰੋ
- ਸਕੂਲੀ-ਉਮਰ ਦੇ ਬੱਚਿਆਂ ਅਤੇ ਅੱਲ੍ਹੜ ਉਮਰ ਦੇ ਮੁੰਡੇ-ਕੁੜੀਆਂ ਲਈ: ਆਪਣੇ ਬੱਚੇ ਨੂੰ ਅਪੌਇੰਟਮੈਂਟ ਤੋਂ ਪਹਿਲਾਂ ਤਿਆਰ ਕਰੋ, ਡੂੰਘੇ ਸਾਹ ਲੈਣਾ, ਧਿਆਨ ਲਾਂਭੇ ਕਰਨਾ, ਸੁੰਨ ਕਰਨ ਵਾਲੀ ਕਰੀਮ ਅਤੇ ਪੈਚ ਬਾਰੇ ਵਿਚਾਰ ਕਰੋ। ਅਪੌਇੰਟਮੈਂਟ 'ਤੇ ਜਾਣ ਦੇ ਜਜ਼ਬਾਤੀ ਉੱਦਮ ਦੀ ਪਛਾਣ ਕਰੋ।
- ਸਹਾਇਤਾ ਸੇਵਾਵਾਂ ਬਾਰੇ ਸੁਚੇਤ ਰਹੋ। ਉਦਾਹਰਣ ਲਈ, ਬੀ.ਸੀ.ਸੀ.ਐੱਚ. ਵਿਖੇ ਇੱਕ ਪਰਿਵਾਰਕ ਟੀਕਾਕਰਨ ਕਲੀਨਿਕ ਹੈ ਜੋ ਸਰਕਾਰ ਵੱਲੋਂ ਫ਼ੰਡ ਕੀਤੀਆਂ ਜਾਂਦੀਆਂ ਸਾਰੀਆਂ ਵੈਕਸੀਨਾਂ ਪ੍ਰਦਾਨ ਕਰਦਾ ਹੈ।

## ਸਵਾਲ ਅਤੇ ਜਵਾਬ ਮੁੱਖ ਨੁਕਤੇ

### Question and Answer Main Points

- ਜਿਨ੍ਹਾਂ ਬੱਚਿਆਂ ਨੂੰ ਇਨਫ਼ੈਕਸ਼ਨ ਹੋਣ ਦੇ ਵਧੇਰੇ ਆਸਾਰ ਹੁੰਦੇ ਹਨ ਅਤੇ ਜਿਹੜੇ ਵਿਅਕਤੀ ਉਨ੍ਹਾਂ ਬੱਚਿਆਂ ਦੇ ਆਲੇ-ਦੁਆਲੇ ਰਹਿੰਦੇ ਹਨ, ਉਨ੍ਹਾਂ ਦਾ ਟੀਕਾਕਰਨ ਕੀਤਾ ਜਾਣਾ ਮਹੱਤਵਪੂਰਣ ਹੈ, ਖ਼ਾਸ ਤੌਰ ’ਤੇ ਇਸ ਲਈ ਕਿਉਂਕਿ ਜ਼ਿਆਦਾਤਰ ਇਨਫ਼ੈਕਸ਼ਨਾਂ ਘਰੇਲੂ ਸਥਿਤੀ ਵਿੱਚ ਵਾਪਰਦੀਆਂ ਹਨ (ਸਕੂਲਾਂ ਵਰਗੇ ਜਨਤਕ ਵਾਤਾਵਰਣਾਂ ਨਾਲੋਂ ਵੀ ਜ਼ਿਆਦਾ)
- ਜੇ ਕੋਵਿਡ ਇਨਫ਼ੈਕਸ਼ਨ ਹੋ ਚੁੱਕੀ ਹੈ ਤਾਂ ਬਿਮਾਰੀ ਨਾਲ ਲੜਨ ਦੀ ਕੁਦਰਤੀ ਸਰੀਰਕ ਪ੍ਰਣਾਲੀ ਦਾ ਸਭ ਤੋਂ ਵੱਧ ਲਾਹਾ ਲੈਣ ਲਈ ਬੱਚਿਆਂ ਨੂੰ ਵੈਕਸੀਨ ਲਗਵਾਉਣ ਤੋਂ ਪਹਿਲਾਂ 8 ਹਫ਼ਤੇ ਉਡੀਕ ਕਰਨੀ ਚਾਹੀਦੀ ਹੈ (ਹਾਲਾਂਕਿ ਇਹ ਸਖ਼ਤ ਹਿਦਾਇਤ ਨਹੀਂ ਹੈ। ਅੱਠ ਹਫ਼ਤੇ ਪੂਰੇ ਹੋਣ ਤੋਂ ਪਹਿਲਾਂ ਵੀ ਵੈਕਸੀਨ ਲਗਾਉਣੀ ਸੁਰੱਖਿਅਤ ਹੈ)
- ਵਿਸ਼ੇਸ਼ ਹਾਲਾਤ ਵਾਲੇ ਬੱਚਿਆਂ (ਉਦਾਹਰਣ ਲਈ ਔਟੀਜ਼ਮ ਜਾਂ ਮਿਰਗੀ ਤੋਂ ਪ੍ਰਭਾਵਿਤ) ਨੂੰ ਵੈਕਸੀਨ ਕਾਰਣ ਮਾੜੇ ਪ੍ਰਭਾਵਾਂ ਦੇ ਵੱਧ ਖ਼ਤਰੇ ਦਰਸਾਉਣ ਵਾਲੇ ਕੋਈ ਪ੍ਰਮਾਣ ਵਰਤਮਾਨ ਸਮੇਂ ਮੌਜੂਦ ਨਹੀਂ ਹਨ।
- ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਵਾਸਤੇ, ਜੇ ਕਿਸੇ ਖ਼ਾਸ ਪ੍ਰਬੰਧ ਦੀ ਲੋੜ ਪੈਂਦੀ ਹੈ ਤਾਂ ਵੈਕਸੀਨ ਲਗਵਾਉਣ ਦੀ ਅਪੌਇੰਟਮੈਂਟ ਤੋਂ ਪਹਿਲਾਂ ਹੀ ਕਲੀਨਿਕ ਨਾਲ ਸੰਪਰਕ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ ਤਾਂ ਕਿ ਇਕੱਠਿਆਂ ਤਾਲਮੇਲ ਕਰਕੇ ਅਪੌਇੰਟਮੈਂਟ ਵਾਸਤੇ ਤਿਆਰੀ ਕੀਤੀ ਜਾ ਸਕੇ।

**ਵਸੀਲੇ:**

**Resources:**

- 5-11 ਸਾਲ ਦੀ ਉਮਰ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ ਬੂਸਟਰ ਖੁਰਾਕਾਂ
  - https://www2.gov.bc.ca/gov/content/covid-19/vaccine/booster
- ਟੀਕਾਕਰਨ ਦੌਰਾਨ ਬੱਚਿਆਂ ਵਾਸਤੇ ਸਹਾਇਤਾ
  - https://immunizebc.ca/reducing-pain-stress-anxiety
- ਬੀ.ਸੀ.ਸੀ.ਐੱਚ. ਵਿਖੇ ਪਰਿਵਾਰਕ ਟੀਕਾਕਰਨ ਕਲੀਨਿਕ
  - http://www.bcchildrens.ca/our-services/clinics/family-immunization
- ਬੀ.ਸੀ.ਸੀ.ਐੱਚ. ਵਿਖੇ ਟੀਕਾਕਰਨ ਮੁਲਾਂਕਣ ਕੇਂਦਰ
  - https://www.bcchr.ca/vec

ਸਾਨਿਆ ਗਰੋਵਰ (ਯੂ.ਬੀ.ਸੀ. ਮੈਡੀਕਲ ਸਕੂਲ ਦੂਜਾ ਵਰ੍ਹਾ) ਅਤੇ ਐਸਥਰ ਲੀ (ਬੀ.ਸੀ.ਸੀ.ਐੱਚ. ਕੰਪਲੈਕਸ ਕੇਅਰ) ਦੁਆਰਾ ਸਾਰਾਂਸ਼